**ਸ਼੍ਰੇਣੀ-ਬਾਰ੍ਹਵੀਂ**

**ਵਿਸ਼ਾ-ਪੰਜਾਬੀ (ਚੋਣਵਾਂ ਵਿਸ਼ਾ)**

**ਸਮੈਸਟਰ-I**

(ੳ) ਪਾਠ-ਕ੍ਰਮ

(1) ਕਵਿਤਾ

(2) ਪੰਜਾਬੀ ਕਵਿਤਾ ਦਾ ਇਤਿਹਾਸ

(3) ਪੰਜਾਬੀ ਸਵੈ-ਜੀਵਨੀ ਦੇ ਅੰਸ਼

(4) ਸਾਹਿਤ ਰੂਪ

(5) ਛੰਦ, ਅੰਲਕਾਰ, ਰਸ

(ਅ) ਪਹਿਲਾ ਪ੍ਰਸ਼ਨ ਸੰਬੰਧਤ ਸਮੈਸਟਰ ਦੇ ਪੂਰੇ ਪਾਠ-ਕ੍ਰਮ 'ਤੇ ਅਧਾਰਿਤ ਵਸਤੂਨਿਸ਼ਠ (ਅਬਜੈਕਟਿਵ ਟਾਇਪ) ਹੋਵੇਗਾ।

(ੲ) ਪਾਠ-ਕ੍ਰਮ ਦਾ ਵੇਰਵਾ

(1) ਕਵਿਤਾ

(ੳ) ਕਿੱਸਾ-ਕਾਵਿ

(ਅ) ਬੀਰ-ਕਾਵਿ

(2) ਪੰਜਾਬੀ ਕਵਿਤਾ ਦਾ ਇਤਿਹਾਸ

(ੳ) ਕਿੱਸਾ-ਕਾਵਿ

(ਅ) ਬੀਰ-ਕਾਵਿ

(3) ਪੰਜਾਬੀ ਸਵੈ-ਜੀਵਨੀ ਦੇ ਅੰਸ਼

(ਪੰਜਾਬੀ ਸਾਹਿਤਕਾਰਾਂ ਦੀਆਂ ਸਵੈ-ਜੀਵਨੀਆਂ ਵਿੱਚੋਂ ਵਿਦਿਆਰਥੀ ਦੇ ਪੱਖ ਤੋਂ ਮਹੱਤਵਪੂਰਨ ਅੰਸ਼ਾਂ ਦਾ ਸੰਕਲਨ)

(ੳ) ਪ੍ਰੋ : ਪੂਰਨ ਸਿੰਘ (ਐਬਟਾਬਾਦ)

(ਅ) ਗਿਆਨੀ ਹੀਰਾ ਸਿੰਘ ਦਰਦ (ਅਖੰਡ ਪਾਠ ਕਰਾਉਣ ਦਾ ਅਪਰਾਧ)

(ੲ) ਪ੍ਰਿੰ. ਤੇਜਾ ਸਿੰਘ (1. ਮੁਢਲੀ ਅਵਸਥਾ 2. ਮਿਡਲ ਦੀ ਪੜ੍ਹਾਈ)

(ਸ) ਪ੍ਰਿੰ. ਸਾਹਿਬ ਸਿੰਘ (ਧੂੜ ਭਰੇ ਰਾਹ)

(ਹ) ਗੁਰਬਖ਼ਸ਼ ਸਿੰਘ ਪ੍ਰੀਤਲੜੀ (ਮਨੁੱਖ ਨਾਲ਼ ਮਨੁੱਖ ਦਾ ਮੇਲ਼ ਿ ਦਗੀ ਦੀ ਮਹਾਨ ਘਟਨਾ ਹੁੰਦੀ ਹੈ)

(ਕ) ਨਾਨਕ ਸਿੰਘ (ਮੇਰੀ ਜੇਲ੍ਹ ਯਾਤਰਾ)

(ਖ) ਪ੍ਰਿੰ. ਐਸ.ਐਸ.ਅਮੋਲ (ਅੰਤ ਨੂੰ ਮੈਂ ਪੜ੍ਹ ਹੀ ਗਿਆ)

(4) ਸਾਹਿਤ ਰੂਪ

(ੳ) ਕਵਿਤਾ

(ਅ) ਨਿਬੰਧ

(ੲ) ਨਾਵਲ

(ਸ) ਨਿੱਕੀ ਕਹਾਣੀ

(ਉਪਰੋਕਤ ਬਾਰੇ ਸਿਧਾਂਤਕ ਜਾਣਕਾਰੀ, ਪਰਿਭਾਸ਼ਾ ਅਤੇ ਤੱਤ )

(5) ਛੰਦ-ਦੋਹਿਰਾ, ਕੋਰੜਾ, ਕਬਿੱਤ, ਬੈਂਤ, ਦਵਈਆ, ਚੌਪਈ

ਅਲੰਕਾਰ-ਅਨੁਪ੍ਰਾਸ, ਉਪਮਾ, ਰੂਪਕ, ਦ੍ਰਿਸ਼ਟਾਂਤ, ਅਤਿਕਥਨੀ

ਰਸ-ਸ਼ਿੰਗਾਰ, ਹਾਸ, ਕਰੁਣਾ, ਰੌਦਰ, ਬੀਰ, ਭਿਆਨਕ, ਬੀਭਤਸ, ਅਦਭੁਤ ਅਤੇ ਸ਼ਾਂਤ ਰਸ

ਨਿਰਧਾਰਿਤ ਪਾਠ-ਪੁਸਤਕਾਂ:-

| | | |
|---|---|---|
| (1) ਪੰਜਾਬੀ ਕਾਵਿ (ਝਲਕਾਂ ਤੇ ਇਤਿਹਾਸ) | (ਭਾਗ-2) | ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ |
| (2) ਆਪ-ਬੀਤੀਆਂ | | ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ |
| (3) ਸਾਹਿਤ-ਬੋਧ | (ਭਾਗ-2) | ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ |

**ਸੀਨੀਅਰ ਸੈਕੰਡਰੀ ਸਰਟੀਫ਼ਿਕੇਟ ਪਰੀਖਿਆ ਭਾਗ-2**

**ਵਿਸ਼ਾ-ਪੰਜਾਬੀ (ਚੋਣਵਾਂ ਵਿਸ਼ਾ)**

**ਸ਼੍ਰੇਣੀ-ਬਾਰ੍ਹਵੀਂ**

**ਸਮੈਸਟਰ-I**

**ਅਧਿਆਪਕਾਂ, ਵਿਦਿਆਰਥੀਆਂ, ਪੇਪਰ ਸੈੱਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਿਦਾਇਤਾਂ**

**ਲਿਖਤੀ ਪੇਪਰ-70**

**ਆਂਤਰਿਕ ਮੁਲਾਂਕਣ-10**

**ਸਮਾਂ: 3 ਘੰਟੇ** **ਕੁੱਲ ਅੰਕ -80**

ਪ੍ਰਸ਼ਨ:1 ਇਸ ਸਮੈਸਟਰ ਦੇ ਪੂਰੇ ਪਾਠ-ਕ੍ਰਮ ਦੇ ਅਧਾਰ 'ਤੇ ਸੰਖੇਪ ਉੱਤਰਾਂ ਵਾਲ਼ੇ 10 ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ। ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ-

ਪੰਜਾਬੀ ਕਾਵਿ (ਝਲਕਾਂ ਤੇ ਇਤਿਹਾਸ) ਭਾਗ-2 : 4 ਅੰਕ

(ਕਵੀ ਦੀ ਕਵਿਤਾ, ਕਵਿਤਾ ਦਾ ਕਵੀ, ਗ਼ਲਤ/ਠੀਕ, ਬਹੁ-ਚੋਣ, ਖ਼ਾਲੀ ਥਾਵਾਂ ਜਾਂ ਇੱਕ ਦੋ ਸ਼ਬਦਾਂ ਦੇ ਉੱਤਰ ਵਾਲ਼ੇ ਪ੍ਰਸ਼ਨ)

ਆਪ-ਬੀਤੀਆਂ : 3 ਅੰਕ

(ਸਵੈ-ਜੀਵਨੀ ਅੰਸ਼ ਦੇ ਲੇਖਕ ਦਾ ਨਾਂ, ਬਹੁ-ਚੋਣ ਅਤੇ ਠੀਕ/ਗ਼ਲਤ)

ਸਾਹਿਤ-ਬੋਧ (ਭਾਗ-2): 3 ਅੰਕ

(ਬਹੁ-ਚੋਣ,ਖ਼ਾਲੀ ਥਾਂਵਾਂ,ਜਾਂ ਇੱਕ ਦੋ ਸ਼ਬਦਾਂ ਦੇ ਉੱਤਰ ਵਾਲ਼ੇ ਪ੍ਰਸ਼ਨ) $1\times10=10$

ਪ੍ਰਸ਼ਨ:2 ਕਿੱਸਾ-ਕਾਵਿ ਅਤੇ ਬੀਰ-ਕਾਵਿ ਵਾਲ਼ੇ ਭਾਗ ਵਿੱਚੋਂ ਤਿੰਨ ਕਾਵਿ-ਟੋਟੇ ਦੇ ਕੇ ਕਿਸੇ ਦੋ ਦੀ ਪ੍ਰਸੰਗ ਸਾਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ। ਹਰ ਪ੍ਰਸੰਗ ਦਾ ਇੱਕ ਅੰਕ ਅਤੇ ਵਿਆਖਿਆ ਦੇ ਚਾਰ ਅੰਕ ਹੋਣਗੇ। 5+5=10

ਪ੍ਰਸ਼ਨ:3 ਪੰਜਾਬੀ ਕਾਵਿ (ਝਲਕਾਂ ਤੇ ਇਤਿਹਾਸ) ਭਾਗ-2 ਪਾਠ-ਪੁਸਤਕ ਵਿੱਚੋਂ, ਕਿੱਸਾ-ਕਾਵਿ ਅਤੇ ਬੀਰ-ਕਾਵਿ ਨਾਲ਼ ਸੰਬੰਧਿਤ ਪਾਠਾਂ ਅਤੇ ਪਾਠ-ਅਭਿਆਸਾਂ ਵਿੱਚੋਂ ਦਿੱਤੇ ਪ੍ਰਸ਼ਨਾਂ ਵਿੱਚੋਂ ਦੋ ਪ੍ਰਸ਼ਨ ਦੇ ਕੇ ਇੱਕ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 15

ਪ੍ਰਸ਼ਨ:4 ਆਪ-ਬੀਤੀਆਂ ਪਾਠ-ਪੁਸਤਕ ਦੇ ਪਾਠਾਂ ਅਤੇ ਪਾਠ-ਅਭਿਆਸਾਂ ਉੱਤੇ ਅਧਾਰਿਤ ਛੇ ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ ਪੁੱਛੇ ਜਾਣਗੇ ਅਤੇ ਉਹਨਾਂ ਵਿੱਚੋਂ ਚਾਰ ਦੇ ਉੱਤਰ ਲਿਖਣੇ ਹੋਣਗੇ। ਹਰੇਕ ਪ੍ਰਸ਼ਨ ਦੇ ਚਾਰ ਅੰਕ ਹੋਣਗੇ। 4+4+4+4=16

ਪ੍ਰਸ਼ਨ:5 ਸਾਹਿਤ-ਬੋਧ (ਭਾਗ 2) ਪਾਠ-ਪੁਸਤਕ ਵਿੱਚੋ. ਕਿਸੇ ਦੋ ਸਾਹਿਤ ਰੂਪਾਂ ਦੇ ਨਾਂ ਦੇ ਕੇ ਕਿਸੇ ਇੱਕ ਬਾਰੇ ਨੋਟ ਲਿਖਣ ਲਈ ਕਿਹਾ ਜਾਵੇਗਾ। 10

ਪ੍ਰਸ਼ਨ:6 ਸਾਹਿਤ ਬੋਧ (ਭਾਗ 2) ਪਾਠ-ਪੁਸਤਕ ਵਿੱਚੋ ਦੋ ਛੰਦਾਂ, ਦੋ ਅਲੰਕਾਰਾਂ ਅਤੇ ਦੋ ਰਸਾਂ ਬਾਰੇ ਪੁੱਛਿਆ ਜਾਵੇਗਾ ਅਤੇ ਕਿਸੇ ਇੱਕ ਛੰਦ, ਇੱਕ ਅਲੰਕਾਰ ਅਤੇ ਇੱਕ ਰਸ ਬਾਰੇ ਉਦਾਹਰਨਾਂ ਸਹਿਤ ਲਿਖਣ ਲਈ ਕਿਹਾ ਜਾਵੇਗਾ। 3+3+3=9

**ਸ਼੍ਰੇਣੀ-ਬਾਰ੍ਹਵੀਂ**
**ਵਿਸ਼ਾ-ਪੰਜਾਬੀ (ਚੋਣਵਾਂ ਵਿਸ਼ਾ)**
**ਸਮੈਸਟਰ-II**

ਪਾਠ-ਕ੍ਰਮ
(1) ਕਵਿਤਾ
(2) ਪੰਜਾਬੀ ਕਵਿਤਾ ਦਾ ਇਤਿਹਾਸ
(3) ਪੰਜਾਬੀ ਸਵੈ-ਜੀਵਨੀ ਦੇ ਅੰਸ਼
(4) ਸਾਹਿਤ ਰੂਪ
(5) ਛੰਦ, ਅੰਲਕਾਰ, ਰਸ

ਪਹਿਲਾ ਪ੍ਰਸ਼ਨ ਸੰਬੰਧਤ ਸਮੈਸਟਰ ਦੇ ਪੂਰੇ ਪਾਠ-ਕ੍ਰਮ ’ਤੇ ਅਧਾਰਿਤ ਵਸਤੂਨਿਸ਼ਠ (ਅਬਜੈਕਟਿਵ ਟਾਇਪ) ਹੋਵੇਗਾ।

ਪਾਠ-ਕ੍ਰਮ ਦਾ ਵੇਰਵਾ
(1) ਕਵਿਤਾ
ਆਧੁਨਿਕ-ਕਾਵਿ
(2) ਪੰਜਾਬੀ ਕਵਿਤਾ ਦਾ ਸੰਖੇਪ ਇਤਿਹਾਸ
ਆਧੁਨਿਕ-ਕਾਵਿ
(3) ਪੰਜਾਬੀ ਸਵੈ-ਜੀਵਨੀ ਦੇ ਅੰਸ਼
(ਪੰਜਾਬੀ ਦੇ ਸਾਹਿਤਕਾਰਾਂ ਦੀਆਂ ਸਵੈ-ਜੀਵਨੀਆਂ ਵਿੱਚੋਂ ਵਿਦਿਆਰਥੀ ਦੇ ਪੱਖ ਤੋਂ ਮਹੱਤਵਪੂਰਨ ਅੰਸ਼ਾਂ ਦਾ ਸੰਕਲਨ)
(ੳ) ਡਾ. ਮਹਿੰਦਰ ਸਿੰਘ ਰੰਧਾਵਾ (ਤ1ਤ ਜਾਂ ਤ1ਤਾ)
(ਅ) ਪ੍ਰਿੰ. ਸੁਜਾਨ ਸਿੰਘ (ਲੜਕਪਨ)
(ੲ) ਕਰਤਾਰ ਸਿੰਘ ਦੁੱਗਲ (ਜੁਆਨ-ਜਹਾਨ)
(ਸ) ਅੰਮ੍ਰਿਤਾ ਪ੍ਰੀਤਮ (ਮੇਰਾ ਸੋਲ੍ਹਵਾਂ ਵਰ੍ਹਾ)
(ਹ) ਮਹਿੰਦਰ ਸਿੰਘ ਜੋਸ਼ੀ (ਲੋੜੀਂਦਾ ਗੁੜ)
(ਕ) ਸੰਤੋਖ ਸਿੰਘ ਧੀਰ (1. ਜਨਮ 2. ਮਾਤਾ-ਪਿਤਾ)
(ਖ) ਡਾ. ਦਲੀਪ ਕੌਰ ਟਿਵਾਣਾ (ਬਾਪੂ ਜੀ ਦਾ ਇੱਕ ਹੋਰ ਵਿਆਹ)
(ਗ) ਅਜੀਤ ਕੌਰ (ਮੇਰਾ ਨਿੱਕਾ ਜਿਹਾ ਘਰ)
(ਘ) ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ (ਅਪਣੀ ਸੋਚ ਦੇ ਗਹਿਰੇ ਸਾਏ)
(4) ਸਾਹਿਤ-ਰੂਪ

ਇਕਾਂਗੀ, ਜੀਵਨੀ, ਸਵੈ-ਜੀਵਨੀ, ਨਾਟਕ ਤੇ ਸਫ਼ਰਨਾਮੇ ਬਾਰੇ ਸਿਧਾਂਤਕ ਜਾਣਕਾਰੀ, ਪਰਿਭਾਸ਼ਾ ਅਤੇ ਤੱਤ।

(5) **ਛੰਦ**-ਦੋਹਿਰਾ, ਕੋਰੜਾ, ਕਬਿੱਤ, ਬੈਂਤ, ਦਵਈਆ, ਚੌਪਈ
**ਅਲੰਕਾਰ**-ਅਨੁਪ੍ਰਾਸ, ਉਪਮਾ, ਰੂਪਕ, ਦ੍ਰਿਸ਼ਟਾਂਤ, ਅਤਿਕਥਨੀ
**ਰਸ**-ਸ਼ਿੰਗਾਰ, ਹਾਸ, ਕਰੁਣਾ, ਰੌਦਰ, ਬੀਰ, ਭਿਆਨਕ, ਬੀਭਤਸ, ਅਦਭੁਤ ਅਤੇ ਸ਼ਾਂਤ ਰਸ।
ਨਿਰਧਾਰਿਤ ਪਾਠ-ਪੁਸਤਕਾਂ:-

| | | |
|---|---|---|
| (1) ਪੰਜਾਬੀ ਕਾਵਿ (ਝਲਕਾਂ ਤੇ ਇਤਿਹਾਸ) | (ਭਾਗ-2) | (ਪੰਜਾਬ ਸਕੂਲ ਸਿੱਖਿਆ ਬੋਰਡ) |
| (2) ਆਪ-ਬੀਤੀਆਂ | | ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ |
| (3) ਸਾਹਿਤ-ਬੋਧ | (ਭਾਗ-2) | ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ |

**ਸੀਨੀਅਰ ਸੈਕੰਡਰੀ ਸਰਟੀਫ਼ਿਕੇਟ ਪਰੀਖਿਆ ਭਾਗ-2**

**ਵਿਸ਼ਾ-ਪੰਜਾਬੀ (ਚੋਣਵਾਂ ਵਿਸ਼ਾ)**

**ਸ਼੍ਰੇਣੀ-ਬਾਰ੍ਹਵੀਂ**

**ਸਮੈਸਟਰ-II**

**ਅਧਿਆਪਕਾਂ, ਵਿਦਿਆਰਥੀਆਂ, ਪੇਪਰ ਸੈੱਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਿਦਾਇਤਾਂ**

**ਲਿਖਤੀ ਪੇਪਰ-1●●**

**ਆਂਤਰਿਕ ਮੁਲਾਂਕਣ -2●**

**ਸਮਾਂ: 3 ਘੰਟੇ** **ਕੁੱਲ ਅੰਕ-12●**

ਪ੍ਰਸ਼ਨ:1 ਇਸ ਸਮੈਸਟਰ ਦੇ ਪੂਰੇ ਪਾਠ-ਕ੍ਰਮ ਦੇ ਅਧਾਰ ’ਤੇ ਸੰਖੇਪ ਉੱਤਰਾਂ ਵਾਲ਼ੇ 1● ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ। ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ-

ਪੰਜਾਬੀ ਕਾਵਿ (ਝਲਕਾਂ ਤੇ ਇਤਿਹਾਸ) ਭਾਗ-2 : 4 ਅੰਕ

(ਕਵੀ ਦੀ ਕਵਿਤਾ, ਕਵਿਤਾ ਦਾ ਕਵੀ, ਗ਼ਲਤ/ਠੀਕ, ਬਹੁ-ਚੋਣ, ਖਾਲੀ ਥਾਵਾਂ ਜਾਂ ਇੱਕ ਦੋ ਸ਼ਬਦਾਂ ਦੇ ਉੱਤਰ ਵਾਲ਼ੇ ਪ੍ਰਸ਼ਨ)

ਆਪ-ਬੀਤੀਆਂ : 3 ਅੰਕ

(ਸਵੈਜੀਵਨੀ ਅੰਸ਼ ਦੇ ਲੇਖਕ ਦਾ ਨਾਂ, ਬਹੁ-ਚੋਣ ਅਤੇ ਠੀਕ/ਗ਼ਲਤ)

ਸਾਹਿਤ-ਬੋਧ (ਭਾਗ-2): 3 ਅੰਕ

(ਬਹੁ-ਚੋਣ, ਖ਼ਾਲੀ ਥਾਂਵਾਂ,ਜਾਂ ਇੱਕ ਦੋ ਸ਼ਬਦਾਂ ਦੇ ਉੱਤਰ ਵਾਲ਼ੇ ਪ੍ਰਸ਼ਨ)

1● X 1 = 10

ਪ੍ਰਸ਼ਨ:2 ਇਸ ਪ੍ਰਸ਼ਨ ਵਿੱਚ ਕਵਿਤਾ ਭਾਗ ਦੇ ਆਧੁਨਿਕ-ਕਾਵਿ ਵਾਲੇ ਭਾਗ ਵਿੱਚੋਂ ਚਾਰ ਕਾਵਿ-ਟੋਟੇ ਦੇ ਕੇ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ। ਹਰ ਪ੍ਰਸੰਗ ਦਾ ਇੱਕ ਅਤੇ ਵਿਆਖਿਆ ਦੇ ਚਾਰ ਅੰਕ ਹੋਣਗੇ। 5+5=10 ਅੰਕ

ਪ੍ਰਸ਼ਨ:3 ਕਵਿਤਾ ਭਾਗ ਦੇ ਆਧੁਨਿਕ-ਕਾਵਿ ਭਾਗ ਵਿੱਚੋਂ ਤਿੰਨ ਕਵਿਤਾਵਾਂ ਦੇ ਨਾਂ ਦੇ ਕੇ ਕਿਸੇ ਇੱਕ ਦਾ ਕੇਂਦਰੀ ਭਾਗ ਲਿਖਣ ਲਈ ਕਿਹਾ ਜਾਵੇਗਾ। 5 ਅੰਕ

ਪ੍ਰਸ਼ਨ:4 ਇਤਿਹਾਸ ਭਾਗ ਵਿੱਚੋਂ ਆਧੁਨਿਕ-ਕਾਵਿ ਨਾਲ ਸਬੰਧਿਤ ਪਾਠ-ਪੁਸਤਕ ਦੇ ਪਾਠਾਂ ਉੱਤੇ ਆਧਾਰਿਤ ਅਤੇ ਪਾਠ-ਅਭਿਆਸਾਂ ਵਿੱਚ ਦਿੱਤੇ ਪ੍ਰਸ਼ਨਾਂ ਵਿੱਚੋਂ ਦੋ ਪ੍ਰਸ਼ਨ ਦੇ ਕੇ ਇੱਕ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 2● ਅੰਕ

ਪ੍ਰਸ਼ਨ:5 ਆਪ-ਬੀਤੀਆਂ ਪਾਠ-ਪੁਸਤਕ ਦੇ ਪਾਠਾਂ ਅਤੇ ਪਾਠ-ਅਭਿਆਸਾਂ ਉੱਤੇ ਅਧਾਰਿਤ ਸੱਤ ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ ਪੁੱਛੇ ਜਾਣਗੇ ਅਤੇ ਉਹਨਾਂ ਵਿੱਚੋਂ ਪੰਜ ਦੇ ਉੱਤਰ ਲਿਖਣੇ ਹੋਣਗੇ। 25 ਅੰਕ

ਪ੍ਰਸ਼ਨ:6 ਸਾਹਿਤ-ਬੋਧ ਭਾਗ-2 ਪਾਠ-ਪੁਸਤਕ ਵਿੱਚੋ. ਕਿਸੇ ਦੋ ਸਾਹਿਤ ਰੂਪਾਂ ਦੇ ਨਾਂ ਦੇ ਕੇ ਕਿਸੇ ਇੱਕ ਬਾਰੇ ਨੋਟ ਲਿਖਣ ਲਈ ਕਿਹਾ ਜਾਵੇਗਾ। 15 ਅੰਕ

ਪ੍ਰਸ਼ਨ:7 ਸਾਹਿਤ ਬੋਧ ਭਾਗ-2 ਪਾਠ-ਪੁਸਤਕ ਵਿੱਚੋ ਦੋ ਛੰਦਾਂ, ਦੋ ਅਲੰਕਾਰਾਂ ਅਤੇ ਦੋ ਰਸਾਂ ਬਾਰੇ ਪੁੱਛਿਆ ਜਾਵੇਗਾ ਅਤੇ ਕਿਸੇ ਇੱਕ ਛੰਦ, ਇੱਕ ਅਲੰਕਾਰ ਅਤੇ ਇੱਕ ਰਸ ਬਾਰੇ ਉਦਾਹਰਨਾਂ ਸਹਿਤ ਲਿਖਣ ਲਈ ਕਿਹਾ ਜਾਵੇਗਾ।

5+5+5=15 ਅੰਕ

**ਸੀਨੀਅਰ ਸੈਕੰਡਰੀ ਸਰਟੀਫ਼ਿਕੇਟ ਪਰੀਖਿਆ ਭਾਗ-2**

**ਵਿਸ਼ਾ-ਪੰਜਾਬੀ (ਚੋਣਵਾਂ ਵਿਸ਼ਾ)**

**ਸ਼੍ਰੇਣੀ-ਬਾਰ੍ਹਵੀਂ**

**ਸਮੈਸਟਰ-I**

**ਸਮਾਂ: 3 ਘੰਟੇ** **ਨਮੂਨੇ ਦਾ ਪ੍ਰਸ਼ਨ-ਪੱਤਰ** **ਲਿਖਤੀ ਪੇਪਰ-70**

**ਆਂਤਰਿਕ ਮੁਲਾਂਕਣ-10**

**ਕੁੱਲ ਅੰਕ-80**

**ਪ੍ਰਸ਼ਨ:1** ਸਾਰੇ ਪ੍ਰਸ਼ਨ ਜ਼ਰੂਰੀ ਹਨ ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ।

(ੳ) ਹਾਫਿਜ਼ ਬਰਖ਼ੁਰਦਾਰ ਦਾ ਕਿਹੜਾ ਕਿੱਸਾ ਤੁਹਾਡੇ ਪਾਠ-ਕ੍ਰਮ ਵਿੱਚ ਦਰਜ ਹੈ?

(ਅ) 'ਨਾਦਰਸ਼ਾਹ ਦੀ ਵਾਰ' ਕਿਸ ਦੀ ਰਚਨਾ ਹੈ?

(ੲ) 'ਜਦੋਂ ਹੋਏ ਸਰਕਾਰ ਦੇ ਸਾਸ ਪੂਰੇ' ਜੰਗਨਾਮਾ ਸ਼ਾਹ ਮਹੁੰਮਦ ਦੀ ਇਸ ਤੁਕ ਵਿੱਚ ਸਰਕਾਰ ਕਿਸ ਨੂੰ ਕਿਹਾ ਗਿਆ ਹੈ?

(ਸ) ਦੱਸੋ ਇਹ ਕਥਨ ਠੀਕ ਹੈ ਜਾਂ ਗ਼ਲਤ

ਪੀਲੂ ਦਾ ਪ੍ਰਸਿੱਧ ਕਿੱਸਾ 'ਹੀਰ ਰਾਂਝਾ' ਹੈ।

(ਹ) 'ਅੰਤ ਨੂੰ ਮੈਂ ਪੜ੍ਹ ਹੀ ਗਿਆ' ਸਵੈ-ਜੀਵਨੀ ਅੰਸ਼ ਦਾ ਲੇਖਕ ਕੌਣ ਹੈ?

(ਕ) ਠੀਕ ਉੱਤਰ ਚੁਣ ਕੇ ਲਿਖੋ :-

ਜਦੋਂ ਕਿਸੇ ਨੇ ਪੂਰਨ ਸਿੰਘ ਦੇ ਵਾਲ਼ਾਂ ਵਿੱਚ ਗੁੰਦੀ ਸੋਨੇ ਦੀ ਮੁਹਰ ਕੱਟ ਲਈ ਤਾਂ ਉਸ ਦੀ ਮਾਂ ਨੇ ________________

1. ਉਸ ਨੂੰ ਬਹੁਤ ਮਾਰਿਆ  2. ਉਸ ਨੂੰ ਘਰੋਂ ਕੱਢ ਦਿੱਤਾ
3. ਉਦੀਆਂ ਖ਼ਾਲੀ ਤਲੀਆਂ ਚੁੰਮ ਲਈਆਂ  4. ਉਸ ਨੂੰ ਮੁਹਰ ਲੱਭਣ ਲਈ ਕਿਹਾ

(ਖ) ਦੱਸੋ ਇਹ ਕਥਨ ਸਹੀ ਹੈ ਜਾਂ ਗ਼ਲਤ-

ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਅਪਣੀ ਸਵਿਸ ਮੇਜ਼ਬਾਨ ਬਿਲਕੁਲ ਚੰਗੀ ਨਹੀਂ ਲਗਦੀ ਸੀ।

(ਗ) ਠੀਕ ਉੱਤਰ ਚੁਣ ਕੇ ਲਿਖੋ:-

ਦੋਹਿਰਾ ਛੰਦ ਵਿਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ?

1. 28  2. 24
3. 26  4. 15

(ਘ) ਖ਼ਾਲੀ ਸਥਾਨ ਭਰੋ :-

ਕਵਿਤਾ ____________ਦਾ ਬੇਰੋਕ ਉਛਾਲਾ ਹੁੰਦੀ ਹੈ।

(ਙ) ਵੀਭਤਸ ਰਸ ਦਾ ਸਥਾਈ ਭਾਵ ਕਿਹੜਾ ਹੈ? 1X10=10

**ਪ੍ਰਸ਼ਨ:2** ਕੋਈ ਦੋ ਕਾਵਿ-ਟੋਟਿਆਂ ਦੀ ਪ੍ਰਸੰਗ ਦੱਸ ਕੇ ਵਿਆਖਿਆ ਲਿਖੋ-

(ੳ) ਵੱਡੇ ਰਾਠ ਜ਼ਿਮੀਂ ਦੇ ਉੱਤੇ ਭੁਈਂ ਨਈਂ ਦੇ ਸਾਈਂ।
ਮੌਜਮ ਨਾਮ ਜਾਤ ਦਾ ਰਾਂਝਾ ਢੁੱਕਣ ਸੱਤੇ ਪਾਹੀਂ।
ਤਿਸ ਦੇ ਘਰ ਵਿੱਚ ਧੀਦੋ ਰਾਂਝਾ ਸੇ ਮਾਵਾਂ ਜਗ ਵਿੱਚ ਨਾਹੀਂ।
ਵਾਹ ਜਾਏਂਦੀ ਧੀਦੋ ਰਾਂਝਾ ਸੇ ਮਾਵਾਂ ਜਗ ਵਿੱਚ ਨਾਹੀਂ।

(ਅ) ਸ਼ੀਨ ਸ਼ੀਨ ਖੋਰਾ ਮੈਥੋਂ ਜੁਦਾ ਹੋਇਉਂ,
ਮਸਾਂ ਮਸਾਂ ਮੈਂ ਡਿੱਠਾ ਹੈ ਮੁੱਖ ਤੇਰਾ।
ਚਵ੍ਹੀਂ ਬਰਸ ਗੁਜਰੇ ਨਾ ਹਰੇ ਮਾਰਦੀ ਨੂੰ।
ਅਜੇ ਫੋਲ ਨਾ ਪੁੱਛਿਆ ਦੁੱਖ ਤੇਰਾ।

(ੲ) ਸੈ ਜਾਤੀ ਸਾਨ ਮਿਸਰੀਆਂ ਲਈਓ ਨੇ ਸੂਤ।
ਮਾਰਨ ਤੇਗਾਂ ਗੁਰਜੀਆਂ ਖਾਸੇ ਲਜਪੂਤ।
ਖਾ ਗੁਰਜੀ ਤੇਗਾਂ ਡਿੱਗ ਪਏ ਹੋ ਗਏ ਭਬੂਤ।
ਜਿਵੇਂ ਖਾ ਧਤੂਰਾ ਡਿੱਗ ਪਏ ਜੋਗੀ ਅਬਧੂਤ। 5+5=10

**ਪ੍ਰਸ਼ਨ:3** ਪੰਜਾਬੀ ਕਿੱਸਾ-ਕਾਵਿ ਧਾਰਾ ਦੇ ਮੁੱਢ ਅਤੇ ਵਿਕਾਸ ਬਾਰੇ ਦੱਸੋ।

ਜਾਂ

'ਚੰਡੀ ਦੀ ਵਾਰ' ਉੱਤੇ ਇੱਕ ਆਲੋਚਨਾਤਮਿਕ ਨੋਟ ਲਿਖੋ। 15

**ਪ੍ਰਸ਼ਨ:4** 'ਆਪ ਬੀਤੀਆਂ' ਪਾਠ-ਪੁਸਤਕ ਦੇ ਅਧਾਰ ਉੱਤੇ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਦਾ ਸੰਖੇਪ ਉੱਤਰ ਲਿਖੋ।

(ੳ) ਪੂਰਨ ਸਿੰਘ ਦੀ ਮਾਂ ਅਟਕ ਦਰਿਆ ਨੂੰ ਜੀਊੜਾ ਕਿਉਂ ਕਹਿੰਦੀ ਸੀ?

(ਅ) ਗਿਆਨੀ ਹੀਰਾ ਸਿੰਘ ਦਰਦ ਨੇ ਅਖੰਡ ਪਾਠ ਕਿਸ ਆਸ਼ੇ ਨਾਲ਼ ਕਰਾਇਆ ਸੀ?

(ੲ) ਤੇਜਾ ਸਿੰਘ ਨੂੰ ਆਪਣੇ ਵਰਤਮਾਨ ਵਿੱਚ ਇਤਿਹਾਸ, ਮਿਥਿਹਾਸ, ਸਾਹਿਤ ਆਦਿ ਪ੍ਰਤੀ ਚੇਟਕ ਲਾਉਣ ਵਾਲ਼ੇ ਕਿਹੜੇ ਪ੍ਰੇਰਕ ਮਿਲ਼ੇ? ਅਪਾਣੇ ਸ਼ਬਦਾਂ ਵਿੱਚ ਲਿਖੋ।

(ਸ) ਪ੍ਰਿੰਸੀਪਲ ਸਾਹਿਬ ਸਿੰਘ ਨੂੰ ਆਪਣੇ ਵਿਦਿਆਰਥੀ ਜੀਵਨ ਵਿੱਚ ਕਿਸ ਪ੍ਰਕਾਰ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ? ਆਪਣੇ ਸ਼ਬਦਾਂ ਵਿੱਚ ਲਿਖੋ।

(ਹ) ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਸਵਿਸ ਲੋਕਾਂ ਦੀਆਂ ਕਿਹੜੀਆਂ-ਕਿਹੜੀਆਂ ਗੱਲਾਂ ਚੰਗੀਆਂ ਲੱਗੀਆਂ?

(ਕ) ਨਾਨਕ ਸਿੰਘ ਨੂੰ ਨਾਵਲਕਾਰ ਬਣਨ ਦੀ ਪ੍ਰੇਰਨਾ ਕਿੱਥੋਂ ਮਿਲ਼ੀ?

4+4+4+4=16

**ਪ੍ਰਸ਼ਨ:5** ਹੇਠ ਲਿਖਆਂ ਵਿੱਚੋਂ ਕਿਸੇ ਇੱਕ ਸਾਹਿਤ-ਰੂਪ ਉੱਤੇ ਨੋਟ ਲਿਖੋ।

(ੳ) ਕਵਿਤਾ (ਅ) ਨਾਵਲ 10

**ਪ੍ਰਸ਼ਨ:6** ਹੇਠ ਲਿਖਿਆਂ ਬਾਰੇ ਉਦਾਹਰਨ ਸਹਿਤ ਲਿਖੋ :

(ੳ) ਕੋਰੜਾ ਛੰਦ ਜਾਂ ਦਵੱਈਆ ਛੰਦ

(ਅ) ਉਪਮਾ ਜਾਂ ਅਤਿਕਥਨੀ ਅਲੰਕਾਰ

(ੲ) ਸ਼ਿੰਗਾਰ ਰਸ ਜਾਂ ਬੀਰ ਰਸ

3+3+3=9

**ਸੀਨੀਅਰ ਸੈਕੰਡਰੀ ਸਰਟੀਫਿਕੇਟ ਪਰੀਖਿਆ ਭਾਗ-2**

**ਵਿਸ਼ਾ-ਪੰਜਾਬੀ (ਚੋਣਵਾਂ ਵਿਸ਼ਾ)**

**ਸ਼੍ਰੇਣੀ-ਬਾਰ੍ਹਵੀਂ**

**ਸਮੈਸਟਰ-II**

**ਸਮਾਂ: 3 ਘੰਟੇ** **ਨਮੂਨੇ ਦਾ ਪ੍ਰਸ਼ਨ-ਪੱਤਰ** **ਲਿਖਤੀ ਪੇਪਰ-1●●**

**ਆਂਤਰਿਕ ਮੁਲਾਂਕਣ-2●**

**ਕੁੱਲ ਅੰਕ-120**

ਪ੍ਰਸ਼ਨ:1 (ੳ) ਬਾਵਾ ਬਲਵੰਤ ਦੀ ਆਪਣੀ ਪੁਸਤਕ ਵਿੱਚੋ ਦਰਜ ਕਿਸੇ ਇੱਕ ਕਵਿਤਾ ਦਾ ਨਾਮ ਲਿਖੋ?

(ਅ) 'ਪੰਜਾਬਣ' ਕਵਿਤਾ ਕਿਸ ਕਵੀ ਦੀ ਰਚਨਾ ਹੈ?

(ੲ) ਸ.ਸ.ਮੀਸ਼ਾ ਦੀ ਕਵਿਤਾ 'ਪ੍ਰਾਹੁਣੀ' ਵਿੱਚ ਪ੍ਰਾਹੁਣੀ ਕਿਸ ਨੂੰ ਕਿਹਾ ਗਿਆ ਹੈ?

(ਸ) ਦੱਸੋ ਇਹ ਕਥਨ ਠੀਕ ਹੈ ਜਾਂ ਗ਼ਲਤ

'ਪੰਜਾਬੀ ਕਾਵਿ' ਝਲਕਾਂ ਤੇ ਇਤਿਹਾਸ ਪੁਸਤਕ ਵਿੱਚ ਦਰਜ 'ਕਿਸਾਨ' ਕਵਿਤਾ ਫ਼ਿਰੋਜ਼ਦੀਨ ਸ਼ਰਫ਼ ਦੀ ਰਚਨਾ ਹੈ।

(ਹ) 'ਲੜਕਪਨ' ਸਵੈ-ਜੀਵਨੀ ਅੰਸ਼ ਦਾ ਲੇਖਕ ਕੌਣ ਹੈ?

(ਕ) ਠੀਕ ਉੱਤਰ ਚੁਣ ਕੇ ਲਿਖੋ-

'ਮੇਰਾ ਨਿੱਕਾ ਜਿਹਾ ਘਰ' ਸਵੈ-ਜੀਵਨੀ ਅੰਸ਼ ਅਨੁਸਾਰ ਅਜੀਤ ਕੌਰ ਦੇ ਕਮਰੇ ਦੀ ਕੰਧਾਂ ਉੱਤੇ ਕਿੱਲ ਨਾਲ ਕੀ ਟੰਗਿਆ ਹੋਇਆ ਸੀ?

1. ਸੀਨਰੀਆਂ 2. ਅਜੀਤ ਕੌਰ ਦੀਆਂ ਫੋਟੋਆਂ
3. ਇੱਕ ਮੱਛੀ 3. ਇੱਕ ਮੱਛੀ ਤੇ ਦੋ ਗਾਨੀਆਂ

(ਖ) ਦੱਸੋ ਇਹ ਕਥਨ ਠੀਕ ਹੈ ਜਾਂ ਗ਼ਲਤ-

ਵਣਜਾਰਾ ਬੇਦੀ ਨੇ ਆਪਣੀ ਪਤਨੀ ਦਾ ਸੋਨੇ ਦਾ ਹਾਰ ਵੇਚ ਕੇ ਨਵਾਂ ਸਾਈਕਲ ਖ਼ਰੀਦਿਆ।

(ਗ) ਠੀਕ ਉੱਤਰ ਚੁਣ ਕੇ ਲਿਖੋ-

ਕਥਿਤ ਛੰਦ ਵਿੱਚ ਕਿੰਨੇ ਵਰਨ ਹੁੰਦੇ ਹਨ-

1. 13 ਜਾਂ 14 2. 24
3. 31 ਜਾਂ 32 3. 28 ਜਾਂ 3●

(ਘ) ਖ਼ਾਲੀ ਸਥਾਨ ਭਰੋ-

ਸਵੈ-ਜੀਵਨੀ ਦਾ ਨਾਇਕ ਅਤੇ ________________ ਇੱਕੋ ਵਿਅਕਤੀ ਹੁੰਦਾ ਹੈ।

(ਙ) ਰੋਦਰ ਰਸ ਦਾ ਸਥਾਈ ਭਾਵ ਕਿਹੜਾ ਹੈ?

1X10=10

ਪ੍ਰਸ਼ਨ:2 ਕੋਈ ਦੋ ਕਾਵਿ-ਟੋਟਿਆਂ ਦੀ ਪ੍ਰਸੰਗ ਦੱਸ ਕੇ ਵਿਆਖਿਆ ਲਿਖੋ :

(ੳ) ਪਿਛਲੇ ਪਹਿਰ ਤਰੇਲ ਦੇ, ਮੋਤੀ ਜੰਮਦੇ ਜਾਣ,
ਬੁਕਲੋਂ ਮੂੰਹ ਜੇ ਕੱਢੀਏ, ਪਾਲਾ ਪੈਂਦਾ ਖਾਣ।
ਇਸ ਵੇਲੇ ਜਾ ਜਾਗਦੇ, ਤਾਰੇ ਵਿੱਚ ਅਸਮਾਨ,
ਜਾਂ ਕੋਈ ਕਰਦਾ ਭਗਤ ਜਨ ਖੂਹੇ 'ਤੇ ਇਸ਼ਨਾਨ।

(ਅ) ਨਜ਼ਾਤ ਕੇਹੀ? ਮੁਕਤੀ ਕੇਹੀ? ਅਜ਼ਾਦੀ ਕੇਹੀ?
ਕਿਉਂ? ਕਿਵੇਂ? ਕਾਹਦੇ ਤੋਂ? ਕਾਹਦੇ ਲਈ?
ਨਜ਼ਾਤ ਇੱਕ ਖ਼ਾਬ ਹੈ, ਮੁਕਤੀ ਇੱਕ ਸੁਫ਼ਨਾ, ਅਜ਼ਾਦੀ ਇੱਕ ਧੋਖਾ
ਉਸ ਨੇ ਆਪ ਬੰਧਨ ਰਚੇ,
ਆਪਣੇ ਲਈ ਮੇਰੇ ਲਈ।
ਇਸ ਕੈਦ ਤੋਂ ਲੱਖ ਅਜ਼ਾਦੀਆਂ ਸਦਕੇ।

(ੲ) ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆ ਦਾ ਮਰ ਜਾਣਾ
ਸਭ ਤੋਂ ਖ਼ਤਰਨਾਕ ਉਹ ਘੜੀ ਹੁੰਦੀ ਹੈ
ਤੁਹਾਡੇ ਗੁੱਟ 'ਤੇ ਚਲਦੀ ਹੋਈ ਵੀ ਜੋ
ਤੁਹਾਡੀ ਨਜ਼ਰ ਦੇ ਲਈ ਖੜੀ ਹੁੰਦੀ ਹੈ 5+5=10

ਪ੍ਰਸ਼ਨ:-3 ਹੇਠ ਦਿੱਤਿਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ :

(ੳ) ਗੁਲਾਬ ਦਾ ਫੁੱਲ (ਭਾਈ ਵੀਰ ਸਿੰਘ)

(ਅ) ਕੰਨਿਆ ਦਾਨ (ਅੰਮ੍ਰਿਤਾ ਪ੍ਰੀਤਮ)

(ੲ) ਸਭ ਤੋਂ ਖ਼ਤਰਨਾਕ (ਪਾਸ਼) 5

ਪ੍ਰਸ਼ਨ:4 ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁੱਖ ਝੁਕਾਅ ਕਿਹੜੇ ਹਨ?

ਜਾਂ

ਅੰਮਿਤ ਪ੍ਰੀਤਮ ਦੇ ਜੀਵਨ ਤੇ ਕਵਿਤਾ ਸੰਬੰਧੀ ਨੋਟ ਲਿਖੋ? 20

ਪ੍ਰਸ਼ਨ:5 'ਆਪ-ਬੀਤੀਆਂ' ਪਾਠ-ਪੁਸਤਕ ਦੇ ਅਧਾਰ ਉੱਤੇ ਹੇਠ ਲਿਖਿਆਂ ਵਿੱਚੋਂ ਕੋਈ ਪੰਜ ਦਾ ਸੰਖੇਪ ਉੱਤਰ ਲਿਖੋ-

(ੳ) ਮੁਕਾਬਲੇ ਦੀ ਪਰੀਖਿਆ ਵਿੱਚ ਡਾ.ਰੰਧਾਵਾ ਦੀ ਸਫ਼ਲਤਾ ਦਾ ਭੇਦ ਕੀ ਸੀ? ਤਖ਼ਤ ਜਾਂ ਤਖ਼ਤਾ ਪਾਠ ਦੇ ਅਧਾਰ 'ਤੇ ਲਿਖੋ?

(ਅ) ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਦਿਆਂ ਕਰਤਾਰ ਸਿੰਘ ਦੁੱਗਲ ਨੂੰ ਆਪਣੇ ਆਪ ਵਿੱਚ ਕੀ ਤਬਦੀਲੀ ਮਹਿਸੂਸ ਹੋਈ? ਆਪਣੇ ਸ਼ਬਦਾਂ ਵਿੱਚ ਲਿਖੋ?

(ੲ) ਮਹਿੰਦਰ ਸਿੰਘ ਜੋਸ਼ੀ ਨੇ ਆਪਣੇ ਲਈ 'ਲੋੜੀਂਦਾ ਗੁੜ' ਸ਼ਬਦ ਕਿਉਂ ਵਰਤਿਆ ਹੈ ?

(ਸ) ਸੰਤੋਖ ਸਿੰਘ ਧੀਰ ਨੇ ਆਪਣੀ ਸਹੀ ਜਨਮ-ਮਿਤੀ ਕਿਵੇਂ ਲੱਭੀ?

(ਹ) ਸਾਡੇ ਸਮਾਜ ਵਿੱਚ ਇਸਤਰੀ ਤੇ ਪੁਰਖ ਦੇ ਵਿਭਿੰਨ ਰਿਸ਼ਤੇ ਕਿਹੋ ਜਿਹੇ ਸਨ? 'ਬਾਪੂ ਜੀ ਦਾ ਇੱਕ ਹੋਰ ਵਿਆਹ' ਪਾਠ ਦੇ ਆਧਾਰ 'ਤੇ ਦੱਸੋ?

(ਕ) ਅਜੀਤ ਕੌਰ ਨੇ ਆਪਣੇ ਸਵੈ-ਜੀਵਨੀ ਅੰਸ਼ ਮੇਰਾ ਨਿੱਕਾ ਜਿਹਾ ਘਰ ਵਿੱਚ ਆਪਣੇ ਕਮਰੇ ਦਾ ਜੋ ਵਰਨਣ ਕੀਤਾ ਹੈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ?

5+5+5+5+5=25

ਪ੍ਰਸ਼ਨ:6 ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਸਾਹਿਤ ਰੂਪ ਉੱਤੇ ਨੋਟ ਲਿਖੋ-

(ੳ) ਨਾਟਕ (ਅ) ਸਵੈ-ਜੀਵਨੀ 15

ਪ੍ਰਸ਼ਨ:7 ਹੇਠ-ਲਿਖਿਆਂ ਬਾਰੇ ਉਦਾਹਰਨ ਸਹਿਤ ਲਿਖੋ :

(ੳ) ਕਬਿੱਤ ਛੰਦ ਜਾਂ ਦੋਹਿਰਾ ਛੰਦ

(ਅ) ਰੂਪਕ ਜਾਂ ਅਨੁਪ੍ਰਾਸ ਅਲੰਕਾਰ

(ੲ) ਕਰੁਣਾ ਜਾਂ ਰੋਦਰ ਰਸ

5+5+5=15